ਪੋਸਟ ਮੈਟ੍ਰਿਕ ਸਕਾਲਰਸ਼ਿਪ ਸੈੱਲ
ਪੰਜਾਬੀ ਯੂਨੀਵਰਸਿਟੀ ਪਟਿਆਲਾ
(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਨੰ: 8399/ਪੀ.ਐਮ.ਐਸ
ਮਿਤੀ :- 18/09/2025

**ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਐਸ.ਸੀ ਸਟੂਡੈਂਟਸ ਸਕੀਮ ਸਾਲ 2022-23, 2023-24, 2024-25 ਦੇ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਰਾਸ਼ੀ ਟਰਾਂਸਫਰ ਨਾ ਹੋਣ ਸਬੰਧੀ।**

ਵਿਸ਼ੇ ਸਬੰਧੀ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਜਾਣਕਾਰੀ ਪ੍ਰਾਪਤ ਹੋਈ ਹੈ, ਜਿਸ ਵਿੱਚ 2022-23, 2023-24 ਅਤੇ 2024-25 ਦੇ ਸੈਸ਼ਨ ਨਾਲ ਸਬੰਧਤ ਵਿਦਿਆਰਥੀਆਂ ਦੀ ਸੂਚੀ ਦਿੱਤੀ ਗਈ ਹੈ ਜਿਨ੍ਹਾਂ ਦੀ ਸਕਾਲਰਸ਼ਿਪ ਦੀ ਅਦਾਇਗੀ ਵੱਖੋ-ਵੱਖ ਕਾਰਨਾਂ ਕਰਕੇ ਹੁਣ ਤੱਕ ਸੰਭਵ ਨਹੀਂ ਹੋਈ। ਸੂਚੀ ਵਿੱਚ ਸਕਾਲਰਸ਼ਿਪ ਦੀ ਅਦਾਇਗੀ ਨਾ ਹੋਣ ਦਾ ਕਾਰਨ ਵੀ ਅੰਕਿਤ ਕੀਤਾ ਗਿਆ ਹੈ।

ਆਪ ਜੀ ਵੱਲੋਂ ਆਪਣੇ ਵਿਭਾਗ ਨਾਲ ਸਬੰਧਤ ਵਿਦਿਆਰਥੀਆਂ ਨੂੰ ਇਸ ਸਬੰਧੀ ਤੁਰੰਤ ਜਾਣੂ ਕਰਵਾਇਆ ਜਾਵੇ ਜੀ।

**ਸੂਚੀ ਵਿੱਚ ਦਰਜ ਵਿਦਿਆਰਥੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ ਕਿ ਜੇਕਰ ਉਨ੍ਹਾਂ ਵੱਲੋਂ ਅਦਾਇਗੀ ਨਾ ਹੋਣ ਸਬੰਧੀ ਤਰੁੱਟੀ ਠੀਕ ਨਾ ਕਰਵਾਈ ਗਈ ਜਾਂ ਉਨ੍ਹਾਂ ਦਾ ਬੈਂਕ ਖਾਤਾ ਆਧਾਰ ਸੀਡ ਨਾ ਹੋਇਆ ਤਾਂ ਸਕਾਲਰਸ਼ਿਪ ਦੀ ਅਦਾਇਗੀ ਸੰਭਵ ਨਹੀਂ ਹੋ ਸਕੇਗੀ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਅਦਾਇਗੀ ਨਾ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਸੰਸਥਾ ਦੀ ਪੂਰੀ ਫੀਸ ਭਰਨ ਦਾ ਪਾਬੰਦ ਹੋਵੇਗਾ।**

ਜੇਕਰ ਸੂਚੀ ਵਿੱਚ ਦਰਜ ਵਿਦਿਆਰਥੀਆਂ ਵਿਚੋਂ ਕੋਈ ਕੋਰਸ ਛੱਡ ਗਿਆ ਹੈ(ਡਰਾਪ ਆਊਟ) ਤਾਂ ਸਬੰਧਤ ਵਿਦਿਆਰਥੀ ਦੀ ਜਾਣਕਾਰੀ ਤੁਰੰਤ ਹਸਤਾਖਰਕਰਤਾ ਨੂੰ ਭੇਜੀ ਜਾਵੇ ਜੀ।

ਨੱਥੀ:- ਐਕਸਲ ਸੀਟ 1 **2022-23 ਨਾਲ ਸਬੰਧਤ ਵਿਦਿਆਰਥੀ**
ਐਕਸਲ ਸੀਟ 2 **2023-24 ਨਾਲ ਸਬੰਧਤ ਵਿਦਿਆਰਥੀ**
ਐਕਸਲ ਸੀਟ 3 **2024-25 ਨਾਲ ਸਬੰਧਤ ਵਿਦਿਆਰਥੀ**

18/09/25
ਨੋਡਲ ਅਫਸਰ(ਪੀ.ਐਮ.ਐਸ.)

**ਸਮੂਹ ਅਧਿਆਪਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ(ਮੇਨ ਕੈਂਪਸ)**